# ਕੀ ਮੈਨੂੰ ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ ਕਿਸੇ ਪਿੱਛਲੀ ਤਰੀਕ ਤੋਂ ਮਿਲ ਸਕਦੇ ਹਨ?

**(Can you backdate my Housing Benefit and Council Tax Benefit?)**

ਇਸ ਪਰਚੇ ਵਿਚ ਬੈਨੀਫਿਟ ਕਿਸੇ ਪਿੱਛਲੀ ਤਰੀਕ ਤੋਂ ਸ਼ੁਰੂ ਹੋਣ ਬਾਰੇ ਵਿਆਖਿਆ ਕੀਤੀ ਗਈ ਹੈ। ਇਹ ਨਿਯਮ ਰਾਸ਼ਟਰੀ ਪੱਧਰ ਦੇ ਹਨ ਅਤੇ ਤੁਸੀਂ ਚਾਹੇ ਕਿਸੇ ਵੀ ਇਲਾਕੇ ਵਿਚ ਰਹਿੰਦੇ ਹੋਵੋ ਉਥੇ ਹੀ ਲਾਗੂ ਹੁੰਦੇ ਹਨ। ਜੇ ਤੁਹਾਨੂੰ ਇਹ ਨਹੀਂ ਪਤਾ ਕਿ ਤੁਹਾਡੇ ਰਹਿਣ ਵਾਲਾ ਇਲਾਕਾ ਕਿਸ ਕੌਂਸਲ ਅਧੀਨ ਆਉਂਦਾ ਹੈ ਤਾਂ ਤੁਸੀਂ ਇਸਦਾ ਪਤਾ ਆਪਣੇ ਕੌਂਸਲ ਟੈਕਸ ਬਿੱਲ ਤੋਂ ਲਗਾ ਸਕਦੇ ਹੋ।

6 ਅਕਤੂਬਰ 2008 ਨੂੰ ਸੰਸ਼ੋਧਿਤ ਕੀਤਾ ਗਿਆ

## ਮੇਰੀ ਉਮਰ 60 ਸਾਲ ਜਾਂ ਇਸ ਤੋਂ ਉਪਰ ਹੈ। ਮੇਰਾ ਬੈਨੀਫਿਟ ਕਦੋਂ ਸ਼ੁਰੂ ਹੋਵੇਗਾ?

ਜੇ ਤੁਸੀਂ ਜਾਂ ਤੁਹਾਡਾ ਜੀਵਨ ਸਾਥੀ 60 ਸਾਲ ਤੋਂ ਵੱਧ ਉਮਰ ਦੇ ਹੋ, ਅਤੇ ਜੇ ਤੁਸੀਂ ਹਾਊਸਿੰਗ ਬੈਨੀਫਿਟ ਅਤੇ/ਜਾਂ ਕੌਂਸਲ ਟੈਕਸ ਦੇ ਹੱਕਦਾਰ ਹੋ, ਤਾਂ ਤੁਹਾਡਾ ਬੈਨੀਫਿਟ ਕਲੇਮ ਕਰਨ ਦੀ ਤਰੀਕ ਤੋਂ 3 ਮਹੀਨੇ ਪਹਿਲਾਂ ਤੋਂ ਸ਼ੁਰੂ ਹੋ ਸਕਦਾ ਹੈ, ਬਾਸ਼ਰਤੇ ਕਿ ਤੁਸੀਂ ਇਸ ਸਮੇਂ ਦੌਰਾਨ ਇਸਦੇ ਹੱਕਦਾਰ ਹੋਵੋ। ਜੇ ਤੁਸੀਂ 60 ਸਾਲ ਜਾਂ ਇਸ ਨਾਲੋਂ ਵੱਧ ਉਮਰ ਦੇ ਹੋ, ਅਤੇ ਕਲੇਮ ਕਰਨ ਨਾਲੋਂ ਪਹਿਲਾਂ ਕਿਸੇ ਤਰੀਕ ਤੋਂ ਬੈਨੀਫਿਟ ਦੇ ਹੱਕਦਾਰ ਹੋ, ਤਾਂ ਇਹ ਤੁਹਾਨੂੰ ਆਟੋਮੈਟਕਲੀ ਮਿਲ ਜਾਵੇਗਾ। ਇਸ ਪਿੱਛਲੀ ਤਰੀਕ ਤੋਂ ਬੈਨੀਫਿਟ ਸ਼ੁਰੂ ਕਰਨ ਵਾਸਤੇ ਸਾਨੂੰ ਇਹ ਜਾਨਣ ਦੀ ਕੋਈ ਲੋੜ ਨਹੀਂ ਕਿ ਤੁਸੀਂ ਕਲੇਮ ਪਹਿਲਾਂ ਕਿਉਂ ਨਹੀਂ ਕੀਤਾ ਸੀ।

ਇਹ ਪਤਾ ਲਗਾਉਣ ਲਈ ਕਿ ਤੁਸੀਂ ਕਿਤਨੇ ਬੈਨੀਫਿਟ ਦੇ ਹੱਕਦਾਰ ਹੋ, ਤੁਹਾਨੂੰ ਕਲੇਮ ਕਰਨ ਦੇ ਸਮੇਂ ਦੌਰਾਨ ਆਪਣੀ ਆਮਦਨ/ਪੂੰਜੀ ਅਤੇ ਕਿਰਾਏ ਵਗੈਰਾ ਦੀ ਜ਼ਿੰਮੇਵਾਰੀ ਦਾ ਸਬੂਤ ਦੇਣਾ ਪਵੇਗਾ। ਜੇ ਤੁਸੀਂ ਸਮਝਦੇ ਹੋ ਕਿ ਤੁਹਾਡਾ ਕਲੇਮ ਕਿਸੇ ਪਿੱਛਲੀ ਤਰੀਕ ਤੋਂ ਸ਼ੁਰੂ ਹੋਣਾ ਚਾਹੀਦਾ ਹੈ, ਤਾਂ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰੋ।

**ਬਾਕੀ ਦੇ ਪਰਚੇ ਵਿਚ 60 ਸਾਲ ਨਾਲੋਂ ਘੱਟ ਉਮਰ ਦੇ ਲੋਕਾਂ ਲਈ ਕਿਸੇ ਪਿੱਛਲੀ ਤਰੀਕ ਤੋਂ ਬੈਨੀਫਿਟ ਸ਼ੁਰੂ ਕਰਨ ਬਾਰੇ ਦੱਸਿਆ ਗਿਆ ਹੈ।**

## ਮੇਰੀ ਉਮਰ 60 ਸਾਲ ਤੋਂ ਘੱਟ ਹੈ।<br>ਮੇਰਾ ਬੈਨੀਫਿਟ ਕਦੋਂ ਸ਼ੁਰੂ ਹੋਵੇਗਾ?

ਜੇ ਤੁਸੀਂ ਹਾਊਸਿੰਗ ਬੈਨੀਫਿਟ ਜਾਂ ਕੌਂਸਲ ਟੈਕਸ ਬੈਨੀਫਿਟ (ਜਾਂ ਦੋਨਾਂ) ਦੇ ਹੱਕਦਾਰ ਹੋ, ਤਾਂ ਅਸੀਂ ਆਮਤੌਰ ਤੇ ਤੁਹਾਡੇ ਵਲੋਂ ਐਪਲੀਕੇਸ਼ਨ ਫਾਰਮ ਦੀ ਮੰਗ ਕਰਨ ਤੋਂ ਬਾਅਦ, ਪਹਿਲੇ ਸੋਮਵਾਰ ਤੋਂ ਬੈਨੀਫਿਟ ਸ਼ੁਰੂ ਕਰ ਦੇਵਾਂਗੇ (ਬਾਸ਼ਰਤੇ ਕਿ ਐਪਲੀਕੇਸ਼ਨ ਫਾਰਮ ਮੁੱਢਲੇ ਸੰਪਰਕ ਤੋਂ ਬਾਅਦ ਇਕ ਮਹੀਨੇ ਦੇ ਅੰਦਰ ਵਾਪਸ ਪਹੁੰਚ ਜਾਵੇ)।

ਜੇ ਤੁਸੀਂ ਹਾਊਸਿੰਗ ਬੈਨੀਫਿਟ ਜਾਂ ਕੌਂਸਲ ਟੈਕਸ ਬੈਨੀਫਿਟ (ਜਾਂ ਦੋਨਾਂ) ਵਾਸਤੇ ਜਾਬ-ਸੈਂਟਰ ਪਲੱਸ ਰਾਹੀਂ ਟੈਲੀਫੋਨ ਤੇ ਕਲੇਮ ਕਰਦੇ ਹੋ ਤਾਂ ਅਸੀਂ ਤੁਹਾਡੇ ਕਲੇਮ ਦੀ ਤਰੀਕ ਜਾਬ-ਸੈਂਟਰ ਨਾਲ ਤੁਹਾਡੇ ਮੁੱਢਲੇ ਸੰਪਰਕ ਵਾਲੇ ਦਿਨ ਨੂੰ ਮੰਨਦੇ।

ਜੇ ਤੁਹਾਨੂੰ ਇਨਕਮ ਸੁਪੋਰਟ ਜਾਂ ਜਾਬ-ਸੀਕਰਜ ਅਲਾਊਂਸ (ਇਨਕਮ ਬੇਸਡ), ਇਨਕਪੈਸਟੀ ਬੈਨੀਫਿਟ ਜਾਂ ਜਾਬ-ਸੀਕਰਜ ਅਲਾਊਂਸ (ਕੰਟ੍ਰੀਬਿਊਸ਼ਨ ਬੇਸਡ) ਮਿਲਦਾ ਹੈ ਤਾਂ ਸਾਰੇ ਬੈਨੀਫਿਟਾਂ ਦੀ ਕਲੇਮ ਤਰੀਕ ਇਕੋ ਹੀ ਹੋਵੇਗੀ।

ਕਈ ਵਾਰ ਅਸੀਂ ਤੁਹਾਡੇ ਕਲੇਮ ਕਰਨ ਦੀ ਤਰੀਕ ਤੋਂ ਪਹਿਲਾਂ ਵੀ ਬੈਨੀਫਿਟ ਦੇ ਸਕਦੇ ਹਾਂ। ਇਸਨੂੰ ਬੈਕਡੇਟਿੰਗ (ਕਿਸੇ ਪਿੱਛਲੀ ਤਰੀਕ ਤੋਂ ਬੈਨੀਫਿਟ ਦੇਣਾ) ਕਿਹਾ ਜਾਂਦਾ ਹੈ। ਕਨੂੰਨ ਕਹਿੰਦਾ ਹੈ ਕਿ ਅਸੀਂ ਪਿੱਛਲੇ 6 ਮਹੀਨਿਆਂ ਤੋਂ ਕਲੇਮ ਸ਼ੁਰੂ ਕਰ ਸਕਦੇ ਹਾਂ। ਪਰ ਤੁਹਾਡੇ ਕੋਲ ਲੇਟ ਕਲੇਮ ਕਰਨ ਦਾ ਕੋਈ ਠੋਸ ਕਾਰਨ ਹੋਣਾ ਚਾਹੀਦਾ ਹੈ। ਇਸਨੂੰ "ਗੁੱਡ ਕਾਜ" (ਠੋਸ ਮੂਲ-ਕਾਰਨ) ਕਿਹਾ ਜਾਂਦਾ ਹੈ।

## "ਠੋਸ ਮੂਲ-ਕਾਰਨ" ਕਿਸਨੂੰ ਮੰਨਿਆਂ ਜਾਂਦਾ ਹੈ?

ਅਸੀਂ ਹਰ ਇਕ ਕੇਸ ਉਤੇ ਵਿਅਕਤੀਗਤ ਤੌਰ ਤੇ ਵਿਚਾਰ ਕਰਾਂਗੇ। "ਠੋਸ ਮੂਲ-ਕਾਰਨ" ਉਹ ਵਜਾਹ ਹੈ ਜੋ ਤੁਹਾਡੇ ਪਹਿਲਾਂ ਕਲੇਮ ਕਰ ਸਕਣ ਦੇ ਰਾਹ ਵਿਚ ਰੁਕਾਵਟ ਬਣੀ ਸੀ। ਹਾਲਤਾਂ ਅਨੁਸਾਰ ਠੋਸ ਮੂਲ-ਕਾਰਨ ਹੇਠ ਲਿਖਿਆਂ ਵਿਚੋਂ ਹੋ ਸਕਦੇ ਹਨ:

- ਤੁਸੀਂ ਬਿਮਾਰ ਸੀ ਅਤੇ ਤੁਹਾਡੇ ਵਾਸਤੇ ਕਲੇਮ ਕਰ ਸਕਣ ਵਾਲਾ ਹੋਰ ਕੋਈ ਮੌਜੂਦ ਨਹੀਂ ਸੀ।

- ਤੁਸੀਂ ਕਿਸੇ ਦੂਸਰੇ ਬੈਨੀਫਿਟ ਦੇ ਫੈਸਲੇ ਦੀ ਉਡੀਕ ਕਰ ਰਹੇ ਸੀ।

- ਕਿਸੇ ਦਫਤਰੀ ਸੰਸਥਾ ਵਲੋਂ ਤੁਹਾਨੂੰ ਗਲਤ ਸਲਾਹ ਦਿੱਤੀ ਗਈ ਸੀ ਕਿ ਤੁਸੀਂ ਹਾਊਸਿੰਗ ਬੈਨੀਫਿਟ ਜਾਂ ਕੌਂਸਲ ਟੈਕਸ ਬੈਨੀਫਿਟ (ਜਾਂ ਦੋਨਾਂ) ਦੇ ਹੱਕਦਾਰ ਨਹੀਂ ਹੋ।

• ਤੁਸੀਂ ਸਮਝ ਨਹੀਂ ਸਕੇ ਸੀ ਕਿ ਤੁਸੀਂ ਕਲੇਮ ਕਰ ਸਕਦੇ ਹੋ, ਇਹ ਹੇਠ ਲਿਖੇ ਕਾਰਨਾ ਕਰਕੇ ਹੋ ਸਕਦਾ ਹੈ:

- ਤੁਹਾਡੀ ਉਮਰ;
- ਬੈਨੀਫਿਟ ਸਿਸਟਮ ਬਾਰੇ ਨਾਤਜ਼ਰਬੇਕਾਰੀ;
- ਬੋਲੀ ਦੀਆਂ ਸਮੱਸਿਆਵਾਂ।
- ਤਕਨੀਕੀ ਦਸਤਾਵੇਜ਼ਾਂ ਨੂੰ ਸਮਝ ਸਕਣ ਦੀ ਮੁਸਕਿਲ; ਜਾਂ
- ਕੋਈ ਦੂਸਰਾ ਕਾਰਨ।

• ਹਸਪਤਾਲ, ਜੇਲ ਜਾਂ ਲੰਮੇ ਸਮੇਂ ਦੀ ਦੇਖਭਾਲ ਵਿਚੋਂ ਬਾਹਰ ਆਉਣ ਸਮੇਂ ਤੁਸੀਂ ਤੁਰੰਤ ਕਲੇਮ ਨਹੀਂ ਕੀਤਾ ਸੀ।

• ਤੁਸੀਂ ਆਪਣੇ ਕੰਮ ਆਪ ਨਿਪਟਾਉਣ ਯੋਗ ਨਹੀਂ ਸੀ ਅਤੇ ਤੁਹਾਡੀ ਮੱਦਦ ਕਰਨ ਵਾਲਾ ਕੋਈ ਨਹੀਂ ਸੀ।

• ਕਿਸੇ ਨਜ਼ਦੀਕੀ ਰਿਸ਼ਤੇਦਾਰ ਦੀ ਮੌਤ ਹੋ ਗਈ ਸੀ।

ਇਹ ਉਦਾਹਰਨਾ ਸਿਰ ਤੁਹਾਡੀ ਗਾਈਡ ਵਾਸਤੇ ਹੀ ਹਨ। ਇਹ ਸੰਭਾਵਤ ਕਾਰਨਾ ਦੀ ਸੰਪੂਰਨ ਲਿਸਟ ਨਹੀਂ ਹੈ। ਜੇ ਤੁਹਾਨੂੰ ਕਲੇਮ ਕਰਨ ਦਾ ਚੇਤਾ ਨਾ ਰਿਹਾ ਹੋਵੇ, ਜਾਂ ਤੁਹਾਨੂੰ ਪਤਾ ਨਾ ਹੋਵੇ ਕਿ ਤੁਸੀਂ ਕਲੇਮ ਕਰ ਸਕਦੇ ਹੋ, ਇਹ ਆਪਣੇ ਆਪ ਵਿਚ ਕੋਈ ਠੋਸ ਕਾਰਨ ਨਹੀਂ ਹੋਵੇਗਾ। ਅਸੀਂ ਤਦ ਹੀ ਤੁਹਾਡਾ ਬੈਨੀਫਿਟ ਕਿਸੇ ਪਿੱਛਲੀ ਤਰੀਕ ਤੋਂ ਸ਼ੁਰੂ ਕਰ ਸਕਦੇ ਹਾਂ ਜਦ ਕਿ, ਪਹਿਲਾਂ ਕਲੇਮ ਨਾ ਕਰ ਸਕਣ ਦਾ ਤੁਹਾਡਾ ਕਾਰਨ ਤੁਹਾਡੇ ਕਲੇਮ ਕਰਨ ਦੇ ਸਮੇਂ ਤੱਕ ਮੌਜੂਦ ਰਹੇ।

ਹੇਠਾਂ ਕੁੱਝ ਉਦਾਹਰਨਾ ਹਨ:

*ਤੁਸੀਂ ਜਨਵਰੀ ਤੋਂ ਮਾਰਚ ਤੱਕ ਬਿਮਾਰ ਰਹੇ ਸੀ ਅਤੇ ਮਾਰਚ ਵਿਚ ਠੀਕ ਹੋਣ ਸਮੇਂ ਹੀ ਕਲੇਮ ਕੀਤਾ ਸੀ। ਤੁਸੀਂ ਪਹਿਲਾਂ ਕਲੇਮ ਨਹੀਂ ਕੀਤਾ ਸੀ ਕਿਉਂਕਿ ਤੁਹਾਡੀ ਮੱਦਦ ਕਰਨ ਵਾਲਾ ਕੋਈ ਨਹੀਂ ਸੀ। ਇਸ ਹਾਲਤ ਵਿਚ ਤੁਸੀਂ ਆਪਣਾ ਕਲੇਮ ਜਨਵਰੀ ਤੋਂ ਸ਼ੁਰੂ ਕਰਨ ਬਾਰੇ ਵਿਚਾਰ ਕਰ ਸਕਦੇ ਹੋ।*

*ਪਰ, ਜੇ ਤੁਸੀਂ ਜਨਵਰੀ ਤੋਂ ਮਾਰਚ ਤੱਕ ਬਿਮਾਰ ਸੀ ਅਤੇ ਕਲੇਮ ਕਰਨ ਵਿਚ ਤੁਹਾਡੀ ਮੱਦਦ ਕਰਨ ਵਾਸਤੇ ਕੋਈ ਨਹੀਂ ਸੀ, ਪਰ ਕਲੇਮ ਤੁਸੀਂ ਮਈ ਵਿਚ ਕੀਤਾ ਸੀ ਤਾਂ ਅਸੀਂ ਤੁਹਾਡਾ ਬੈਨੀਫਿਟ ਜਨਵਰੀ ਤੋਂ ਨਹੀਂ ਦੇਵਾਂਗੇ ਕਿਉਂਕਿ ਠੋਸ ਕਾਰਨ ਜਨਵਰੀ ਤੋਂ ਮਈ ਤੱਕ ਜ਼ਾਰੀ ਨਹੀਂ ਰਿਹਾ ਸੀ।*

## ਕਿਸੇ ਪਿੱਛਲੀ ਤਰੀਕ ਤੋਂ ਬੈਨੀਫਿਟ ਕਿਵੇਂ ਕਲੇਮ ਕਰਨਾ ਹੈ?

ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਕੋਲ ਲੇਟ ਕਲੇਮ ਕਰਨ ਦਾ ਕੋਈ ਠੋਸ ਕਾਰਨ ਹੈ ਤਾਂ ਤੁਹਾਨੂੰ ਫੌਰਨ ਸਾਨੂੰ ਲਿਖਤੀ ਸੂਚਨਾ ਦੇਣੀ ਚਾਹੀਦੀ ਹੈ। ਤੁਸੀਂ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰਕੇ ਫਾਰਮ ਲੈ ਸਕਦੇ ਹੋ ਜਾਂ ਸਾਨੂੰ ਚਿੱਠੀ ਲਿਖ ਸਕਦੇ ਹੋ। ਤੁਹਾਨੂੰ ਦੱਸਣਾ ਪਵੇਗਾ ਕਿ ਤੁਸੀਂ ਕਿਸ ਸਮੇਂ ਤੋਂ ਬੈਨੀਫਿਟ ਕਲੇਮ ਕਰਨਾ ਚਾਹੁੰਦੇ ਹੋ ਅਤੇ ਤੁਹਾਡਾ ਕਲੇਮ ਲੇਟ ਕਿਉਂ ਹੋਇਆ ਹੈ। ਜਿਸ ਸਮੇਂ ਤੋਂ ਤੁਸੀਂ ਕਲੇਮ ਸ਼ੁਰੂ ਕਰਨਾ ਚਾਹੁੰਦੇ ਹੋ ਉਸ ਸਮੇਂ ਤੋਂ ਸਾਨੂੰ ਤੁਹਾਡੀ ਆਮਦਨ, ਬੱਚਤ ਅਤੇ ਕਿਰਾਇਆ ਭੁਗਤਾਨ ਅਤੇ ਲੇਟ ਹੋਣ ਦੇ ਕਾਰਨਾ ਸਬੰਧੀ ਸਬੂਤ (ਜਿਵੇਂ ਕਿ ਮੈਡੀਕਲ ਸਰਟੀਫਿਕੇਟ ਜਾਂ ਹਸਪਤਾਲ ਦੀਆਂ ਚਿੱਠੀਆਂ) ਦੇਖਣ ਦੀ ਲੋੜ ਪਵੇਗੀ।

ਜੇ ਤੁਹਾਨੂੰ ਕੋਈ ਮੱਦਦ ਚਾਹੀਦੀ ਹੈ ਤਾਂ ਆਪਣੀ ਸਥਾਨਕ ਕੌਂਸਲ ਕੋਲੋਂ ਮੰਗ ਕਰੋ। ਤੁਸੀਂ ਸਿਟੀਜ਼ਨਜ ਐਡਵਾਈਸ ਬਿਊਰੋ ਵਰਗੀ ਸਲਾਹ ਏਜੰਸੀ ਕੋਲੋਂ ਵੀ ਮੱਦਦ ਪ੍ਰਾਪਤ ਕਰ ਸਕਦੇ ਹੋ। ਉਨ੍ਹਾਂ ਦਾ ਅਤੇ ਦੂਸਰੀਆਂ ਸਲਾਹ ਏਜੰਸੀਆਂ ਦੇ ਫੋਨ ਨੰਬਰ ਤੁਸੀਂ ਫੋਨ ਬੁੱਕ ਅਤੇ ਆਪਣੀ ਸਥਾਨਕ ਲਾਇਬ੍ਰੇਰੀ ਵਿਚੋਂ, ਜਾਂ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰਕੇ ਪ੍ਰਾਪਤ ਕਰ ਸਕਦੇ ਹੋ।

## ਫਿਰ ਕੀ ਹੋਵੇਗਾ?

ਤੁਹਾਡੇ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅਸੀਂ ਫੈਸਲਾ ਕਰਾਂਗੇ ਕਿ ਤੁਹਾਡਾ ਬੈਨੀਫਿਟ ਪਿੱਛਲੇ ਸਮੇਂ ਤੋਂ ਸ਼ੁਰੂ ਕੀਤਾ ਜਾ ਸਕਦਾ ਹੈ ਜਾਂ ਨਹੀਂ। ਜੇ ਅਸੀਂ ਤੁਹਾਡਾ ਬੈਨੀਫਿਟ ਪਿੱਛਲੇ ਸਮੇਂ ਤੋਂ ਸ਼ੁਰੂ ਨਾ ਕਰਨ ਦਾ ਫੈਸਲਾ ਕਰਦੇ ਹਾਂ ਤਾਂ ਅਸੀਂ ਤੁਹਾਨੂੰ ਦੱਸਾਂਗੇ ਕਿ ਅਸੀਂ ਇਹ ਫੈਸਲਾ ਕਿਉਂ ਕੀਤਾ ਹੈ।

## ਜੇ ਮੈਂ ਤੁਹਾਡੇ ਫੈਸਲੇ ਨਾਲ ਸਹਿਮਤ ਨਾ ਹੋਵਾਂ ਤਾਂ?

ਅਸੀਂ ਸ਼ਾਇਦ ਫੈਸਲਾ ਕਰ ਲਈਏ ਕਿ ਤੁਹਾਡਾ ਬੈਨੀਫਿਟ ਪਿੱਛਲੇ ਸਮੇਂ ਤੋਂ ਸ਼ੁਰੂ ਕਰਨ ਦਾ ਕੋਈ ਠੋਸ ਕਾਰਨ ਨਹੀਂ ਹੈ। ਜੇ ਤੁਸੀਂ ਸਾਡੇ ਫੈਸਲੇ ਨਾਲ ਸਹਿਮਤ ਨਾ ਹੋਵੋ ਤਾਂ ਤੁਹਾਨੂੰ ਇਕ ਚਿੱਠੀ ਲਿਖ ਕੇ ਸਾਨੂੰ ਇਸ ਫੈਸਲੇ ਤੇ ਇਕ ਵਾਰ ਫਿਰ ਵਿਚਾਰ ਕਰਨ ਲਈ ਕਹਿਣਾ ਪਵੇਗਾ। ਫੈਸਲੇ ਦੀ ਚਿੱਠੀ ਤੋਂ ਬਾਅਦ ਇਕ ਮਹੀਨੇ ਦੇ ਅੰਦਰ ਤੁਹਾਨੂੰ ਸਾਡੇ ਨਾਲ ਸੰਪਰਕ ਕਰਨਾ ਪਵੇਗਾ। ਤੁਸੀਂ ਸਾਨੂੰ ਸਾਡੇ ਫੈਸਲੇ ਦਾ ਵਿਸਥਾਰ ਦੱਸਣ ਵਾਸਤੇ ਫੋਨ, ਚਿੱਠੀ ਜਾਂ ਆਪ ਆ ਕੇ ਕਹਿ ਸਕਦੇ ਹੋ। ਤੁਸੀਂ ਇਕ ਲਿਖਤੀ ਸਟੇਟਮੈਂਟ, ਜੋ ਸਾਡੇ ਫੈਸਲੇ ਬਾਰੇ ਵਧੇਰੇ ਜਾਣਕਾਰੀ ਦੇਵੇਗੀ, ਦੀ ਵੀ ਮੰਗ ਕਰ ਸਕਦੇ ਹੋ।

ਜੇ ਫਿਰ ਵੀ ਤੁਹਾਡੀ ਤਸੱਲੀ ਨਹੀਂ ਹੁੰਦੀ ਤਾਂ ਤੁਸੀਂ ਆਪਣੀ ਸਥਾਨਕ ਕੌਂਸਲ ਦੇ ਬੈਨੀਫਿਟਸ ਸੈਕਸ਼ਨ ਕੋਲ ਲਿਖਤੀ ਅਪੀਲ ਕਰ ਸਕਦੇ ਹੋ। ਤੁਹਾਡੀ ਅਪੀਲ ਬਾਰੇ ਅਪੀਲਜ ਸਰਵਿਸ ਇਕ ਟ੍ਰਾਈਬਿਊਨਲ ਸੁਣਵਾਈ ਰਾਹੀਂ ਫੈਸਲਾ ਕਰਨਗੇ (ਵਧੇਰੇ ਜਾਣਕਾਰੀ ਵਾਸਤੇ "ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਹਾਊਸਿੰਗ ਬੈਨੀਫਿਟ ਜਾਂ ਕੌਂਸਲ ਟੈਕਸ ਬੈਨੀਫਿਟ ਬਾਰੇ ਗਲਤ ਫੈਸਲਾ ਹੋਇਆ ਹੈ ਤਾਂ ਕੀ ਕਰਨਾ ਹੈ" ਨਾਮੀ ਪਰਚਾ ਦੇਖੋ)।

## ਵਧੇਰੇ ਸਾਲਹ ਕਿੱਥੋਂ ਪ੍ਰਾਪਤ ਕੀਤੀ ਜਾ ਸਕਦੀ ਹੈ?

ਜੇ ਤੁਹਾਨੂੰ ਵਧੇਰੇ ਸਲਾਹ ਜਾਂ ਸਹਾਇਤਾ ਚਾਹੀਦੀ ਹੈ ਤਾਂ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰੋ। (ਤੁਸੀਂ ਆਪਣੀ ਸਥਾਨਕ ਕੌਂਸਲ ਦਾ ਨਾਮ ਆਪਣੇ ਕੌਂਸਲ ਟੈਕਸ ਬਿੱਲ ਉਪਰ ਦੇਖ ਸਕਦੇ ਹੋ)।

## ਸੁਤੰਤਰ ਸਲਾਹ

ਜੇ ਤੁਸੀਂ ਸੁਤੰਤਰ ਸਲਾਹ ਚਾਹੁੰਦੇ ਹੋ ਤਾਂ ਆਪਣੇ ਸਥਾਨਕ ਸਿਟੀਜ਼ਨ ਐਡਵਾਈਸ ਬਿਊਰੋ ਨਾਲ ਸੰਪਰਕ ਕਰੋ। ਉਨ੍ਹਾਂ ਦਾ ਅਤੇ ਦੂਸਰੀਆਂ ਸਲਾਹੂ ਏਜੰਸੀਆਂ ਦੇ ਫੋਨ ਨੰਬਰ ਤੁਸੀਂ ਫੋਨ ਬੁੱਕ ਅਤੇ ਆਪਣੀ ਸਥਾਨਕ ਲਾਇਬ੍ਰੇਰੀ ਵਿਚੋਂ, ਜਾਂ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰਕੇ ਪ੍ਰਾਪਤ ਕਰ ਸਕਦੇ ਹੋ।

## ਦੂਸਰੇ ਰੂਪ

ਤੁਸੀਂ ਇਸ ਕਿਤਾਬਚੇ ਵਿਚਲੀ ਜਾਣਕਾਰੀ ਵੱਡੇ ਅੱਖਰਾਂ, ਬ੍ਰੇਅਲ, ਆਡੀਓ ਅਤੇ ਦੂਸਰੀਆਂ ਬੋਲੀਆਂ ਵਿਚ ਪ੍ਰਾਪਤ ਕਰ ਸਕਦੇ ਹੋ। ਵਧੇਰੇ ਜਾਣਕਾਰੀ ਵਾਸਤੇ ਸਾਡੀ ਵੈਬਸਾਈਟ www.benefit-leaflets.org ਦੇਖੋ।

ਇਹ ਕਿਤਾਬਚਾ ਨੈਸ਼ਨਲ ਲੀਫਲੈੱਟ ਪ੍ਰੋਜੈਕਟ ਵੱਲੋਂ ਡੋਵਰ ਡਿਸਟ੍ਰਿਕਟ ਕੌਂਸਲ ਦੀ ਅਗਵਾਈ ਵਿੱਚ ਵਿਕਸਿਤ ਕੀਤਾ ਗਿਆ ਹੈ।
ਹੋਰ ਜਾਣਕਾਰੀ ਲਈ www.benefit-leaflets.org ਦੀ ਵੈੱਬਸਾਇਟ ਦੇ ਪਤੇ ਤੇ ਜਾਓ।